# ਸਿਟੀ ਆਫ ਬ੍ਰੈਂਪਟਨ ਐਡਿਸ਼ਨਲ ਰੈਜੀਡੈਂਸ਼ੀਅਲ ਯੂਨਿਟਸ ਬਾਰੇ ਜਨਤਾ ਤੋਂ ਸੁਝਾਅ ਮੰਗ ਰਹੀ ਹੈ

ਬ੍ਰੈਂਪਟਨ, ਓਨਟੈਰੀਓ (20 ਅਪ੍ਰੈਲ, 2021) – ਸਿਟੀ ਆਫ ਬ੍ਰੈਂਪਟਨ, *ਹਾਊਸਿੰਗ ਬ੍ਰੈਂਪਟਨ (Housing Brampton)* ਨੂੰ ਅੱਗੇ ਵਧਾਉਂਦੇ ਹੋਏ, ਐਡਿਸ਼ਨਲ ਰੈਜੀਡੈਂਸ਼ੀਅਲ ਯੂਨਿਟਸ (ਏ.ਆਰ.ਯੂ.) (Additional Residential Units) (ARU) ਦੇ ਸਬੰਧ ਵਿੱਚ ਪਾਲਸੀ ਸਮੀਖਿਆ (Policy Review) ਤੇ ਕਮਿਊਨਿਟੀ ਫੀਡਬੈਕ ਚਾਹੁੰਦੀ ਹੈ। ਹਾਊਸਿੰਗ ਬ੍ਰੈਂਪਟਨ, ਸਿਟੀ ਦੀ ਪੁੱਜਣਯੋਗ ਘਰ ਸਬੰਧੀ ਕਾਰਜਨੀਤੀ ਹੈ, ਜੋ ਮਾਰਕੀਟ ਵਿੱਚ ਵੱਧ ਤੇਜ਼ੀ ਨਾਲ ਨਵੇਂ ਘਰਾਂ ਦੀ ਸਪਲਾਈ ਪਹੁੰਚਾਉਣ ਵਿੱਚ ਮਦਦ ਕਰੇਗੀ।

ਸੂਬੇ ਦਾ ਬਿਲ 108 ਮੋਰ ਹੋਮਸ, ਮੋਰ ਚੋਇਸਜ ਐਕਟ, 2019 (Bill 108 More Homes, More Choice Act, 2019), ਓਨਟੈਰੀਓ ਦੇ ਮੌਜੂਦਾ ਜ਼ਮੀਨ-ਵਰਤੋਂ ਪਲਾਨਿੰਗ ਸਿਸਟਮ ਨੂੰ ਬਦਲਦਾ ਹੈ। ਇਸ ਬਿਲ ਦੇ ਮੁਤਾਬਕ ਮਿਊਨਿਸਿਪਲਟੀਜ ਨੂੰ, ਡਿਟੈਚਡ ਢਾਂਚਿਆਂ ਵਿੱਚ ਵਾਧੂ ਰਿਹਾਇਸ਼ੀ ਯੂਨਿਟਾਂ ਦੀ ਇਜਾਜ਼ਤ ਦੇਣ ਵਾਲੀਆਂ ਪਾਲਸੀਆਂ ਅਪਨਾਉਣ ਦੀ ਲੋੜ ਹੈ।

ਏ.ਆਰ.ਯੂ. (ARU) ਤੇ ਪਾਲਸੀਆਂ ਵਿਕਸਿਤ ਕਰਨ ਦਾ ਉਦੇਸ਼, ਜ਼ੋਨਿੰਗ ਰੁਕਾਵਟਾਂ ਨੂੰ ਘਟਾਉਣਾ, ਵੱਧ ਹਾਊਸਿੰਗ ਸਪਲਾਈ ਪੈਦਾ ਕਰਨਾ ਅਤੇ ਸ਼ਹਿਰ ਦੇ ਅੰਦਰ ਪੁੱਜਣਯੋਗ ਵਿਕਲਪਾਂ ਵਿੱਚ ਵਾਧਾ ਕਰਨਾ ਹੈ।

ਨਿਵਾਸੀਆਂ ਨੂੰ ਇੱਥੇ (here) ਔਨਲਾਈਨ ਸਰਵੇਖਣ ਦੇ ਦੁਆਰਾ, ਆਪਣਾ ਫੀਡਬੈਕ ਸਾਂਝਾ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca